HOME ਸਾਡੇ ਬਾਰੇ ਫੋਟੋ ਗੈਲਰੀ SUBSCRIBE

ਪੰਜਾਬੀ ਟ੍ਰਿਬਿਊਨ



Current Time:January 29, 2011 , 10 :55 Last Updated:January 29, 2011 ,1:08


ਨਿਗਮ ਦੀ ਮੀਟਿੰਗ ਵਿੱਚ ਵਿਰੋਧੀ ਧਿਰ ਵੱਲੋਂ ਸਦਨ ਦੀ ਕਾਰਵਾਈ ਠੱਪ
ਕੰਪਲੈਕਸ ’ਚ ਇਕ ਪਾਸੇ ਤਾਲਾ ਲਾਉਣ ਦਾ...


ਸਿੱਖਿਆ ਤੇ ਸਿਹਤ ਸੇਵਾਵਾਂ ਨੰ ਬਜਟ ਵਿੱਚ ਵੱਧ ਵੁੱਕਤ ਦੇਵਾਂਗੇ: ਉਪਿੰਦਰਜੀਤ
ਨਿੱਜੀ ਪੱਤਰ ਪ੍ਰੇਰਕ ਮਾਲੇਰਕੋਟਲਾ, 28...


ਆਸਟਰੇਲੀਅਨ ਓਪਨ: ਪੈਨੇਟਾ ਤੇ ਡੁਲਕੋ ਦੀ ਜੋੜੀ ਨੇ ਮਹਿਲਾ ਡਬਲਜ਼ ਦਾ ਖਿਤਾਬ ਜਿੱਤਿਆ
ਫੈਰਰ ਨੂੰ ਹਰਾ ਕੇ ਐਂਡੀ ਮੱਰੇ ਫਾਈਨਲ...

ਮਾਝਾ-ਦੋਆਬਾ ਮੁੱਖ ਸਫ਼ਾ ਦਿੱਲੀ/ਹਰਿਆਣਾ ਮਾਲਵਾ ਚੰਡੀਗੜ੍ਹ ਪੰਜਾਬ ਖ਼ਬਰਨਾਮਾ ਸੰਪਾਦਕੀ ਦੇਸ਼-ਵਿਦੇਸ਼ ਕਾਰੋਬਾਰ ਖੇਡਾਂ ਦੀ ਦੁਨੀਆ

ਵਿਸ਼ੇਸ਼ ਪੰਨਾ ਫ਼ਿਲਮਨਾਮਾ ਸਾਨੂੰ ਮਾਣ ਜਿਨ੍ਹਾਂ ’ਤੇ ਚੇਤਨਾ/ਸੰਵਾਦ ਖੇਡ ਖਿਡਾਰੀ ਹਰੇ-ਭਰੇ ਖੇਤ ਮੈਗਜ਼ੀਨ ਸਿੱਖਿਆ ਜਗਤ ਵਿਰਾਸਤ ਸਿਹਤ ਸੰਭਾਲ ਫੋਟੋ ਗੈਲਰੀ

# ਦਰਬਾਰ ਸਾਹਿਬ ਦੀ ਪਰਿਕਰਮਾ ਵਿਚਲੀਆਂ ਬੇਰੀਆਂ ਫਲਾਂ ਨਾਲ ਲੱਦੀਆਂ

Posted On January - 28 - 2011

## ਬਾਗ਼ਬਾਨੀ ਮਾਹਿਰਾਂ ਦੀ ਮਿਹਨਤ ਰੰਗ ਲਿਆਈ

**ਟ੍ਰਿਬਿਊਨ ਨਿਊਜ਼ ਸਰਵਿਸ**
**ਲੁਧਿਆਣਾ, 27 ਜਨਵਰੀ**

ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਲੁਧਿਆਣਾ ਦੇ ਬਾਗਬਾਨੀ ਮਾਹਰਾਂ ਦੀ ਦੋ ਦਹਾਕਿਆਂ ਦੀ ਮਿਹਨਤ ਨਾਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪਰਿਕਰਮਾ ਵਿੱਚ ਲੱਗੀਆਂ ਬੇਰੀਆਂ ਫਲਾਂ ਨਾਲ ਲੱਦੀਆਂ ਗਈਆਂ ਹਨ।

ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਸਥਿਤ ਤਿੰਨ ਇਤਿਹਾਸਕ ਬੇਰੀਆਂ, ਜਿਨ੍ਹਾਂ ਵਿੱਚ 440 ਸਾਲ ਪੁਰਾਣੀ ਬੇਰੀ ਬਾਬਾ ਬੁੱਢਾ ਸਾਹਿਬ, 400 ਸਾਲ ਪੁਰਾਣੀ ਦੁੱਖ ਭੰਜਨੀ ਬੇਰੀ, ਅਤੇ ਇੱਕ ਹੋਰ ਇਲਾਇਚੀ ਬੇਰੀ ਇਸ ਸਾਲ ਫਲਾਂ ਨਾਲ ਲੱਦੀਆਂ ਗਈਆਂ ਹਨ। ਬਾਗ਼ਬਾਨੀ ਮਾਹਰਾਂ ਅਨੁਸਾਰ ਬੇਰੀ ਦਾ ਦਰਖ਼ਤ 100 ਸਾਲ ਤੱਕ ਹਰਾ ਭਰਾ ਰਹਿੰਦਾ ਹੈ, ਪਰ ਇਹ ਬੇਰੀਆਂ 4 ਸ਼ਤਾਬਦੀਆਂ ਤੋਂ ਵੀ ਜ਼ਿਆਦਾ ਸਮੇਂ ਤੋਂ ਖੜ੍ਹੀਆਂ ਹਨ।

ਇਹ ਬੇਰੀਆਂ 1990 ਦੇ ਦਹਾਕੇ ਦੇ ਅਖੀਰ ਵਿੱਚ ਸੁੱਕਣੀਆਂ ਸ਼ੁਰੂ ਹੋ ਗਈਆਂ ਸਨ। ਉਸ ਵੇਲੇ ਇਨ੍ਹਾਂ ਬੇਰੀਆਂ ਦਾ ਵਜੂਦ ਖ਼ਤਰੇ ਵਿੱਚ ਪਿਆ ਦੇਖ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੀ.ਏ.ਯੂ. ਮਾਹਰਾਂ ਨੂੰ ਸੱਦਿਆ ਗਿਆ ਸੀ। ਉਸ ਵੇਲੇ ਤੋਂ ਹੀ ਬਾਗਬਾਨੀ ਵਿਭਾਗ ਦੇ ਬੇਰ ਮਾਹਰ ਡਾ. ਜਗਤਾਰ ਸਿੰਘ ਬੱਲ, ਕੀਟ ਵਿਗਿਆਨੀ ਡਾ. ਡੀ.ਆਰ. ਸ਼ਰਮਾ ਅਤੇ ਪੌਦਾ ਰੋਗ ਮਾਹਰ ਪਰਮਜੀਤ ਸਿੰਘ ’ਤੇ ਆਧਾਰਿਤ ਤਿੰਨ ਮੈਂਬਰੀ ਟੀਮ ਇਨ੍ਹਾਂ ਨੂੰ ਬਚਾਉਣ ਵਿੱਚ ਜੁਟ ਗਈ ਸੀ।

ਡਾ. ਜੇ.ਐਸ. ਬੱਲ ਦੱਸਦੇ ਹਨ ਕਿ ਉਹ 1998 ਵਿੱਚ ਪਹਿਲੀ ਵਾਰ ਇਨ੍ਹਾਂ ਬੇਰੀਆਂ ਨੂੰ ਦੇਖਣ ਗਏ ਸਨ। ਸ਼ਰਧਾਲੂਆਂ ਦੇ ਕੜਾਹ ਪ੍ਰਸ਼ਾਦ ਵਾਲੇ ਥਿੰਦੇ ਹੱਥਾਂ ਨੇ ਇਨ੍ਹਾਂ ਨੂੰ ਲਗਪਗ ਖਤਮ ਹੀ ਕਰ ਦਿੱਤਾ ਸੀ। ਨਤੀਜੇ ਵਜੋਂ ਇਨ੍ਹਾਂ ਦਰਖਤਾਂ ਦੇ ਤਣਿਆਂ ਵਿੱਚ ਬਾਰੀਕ ਨਾਲੀਆਂ ਬੰਦ ਹੋ ਗਈਆ ਤੇ ਪਾਣੀ ਸੋਖਣ ਦੀ ਸਮਰਥਾ ਖ਼ਤਮ ਹੋ ਗਈ। ਉਸ ਤੋਂ ਬਾਅਦ ਲਾਖ ਦੇ ਕੀੜਿਆਂ ਨੇ ਇਨ੍ਹਾਂ ਨੂੰ ਖ਼ਤਮ ਕਰਨਾ ਸ਼ੁਰੂ ਕਰ ਦਿੱਤਾ।

ਉਨ੍ਹਾਂ ਉਸ ਮੌਕੇ ਤਿੰਨ ਨੁਕਾਤੀ ਰਣਨੀਤੀ ਬਣਾਈ। ਖ਼ਤਮ ਹੋ ਚੁੱਕੀਆਂ ਟਾਹਣੀਆਂ ਨੂੰ ਛਾਂਗ ਦਿੱਤਾ ਗਿਆ। ਲਾਖ ਦੇ ਕੀੜਿਆਂ ਨੂੰ ਮਾਰਨ ਲਈ ਦਰਖਤਾਂ ’ਤੇ ਛਿੜਕਾਅ ਕੀਤਾ ਗਿਆ ਅਤੇ ਇਨ੍ਹਾਂ ਦੀ ਪੌਦ ਵਿਗਿਆਨ ਅਨੁਸਾਰ ਪੜਤਾਲ ਕੀਤੀ ਗਈ। ਅਜਿਹਾ ਕਰਨ ਨਾਲ ਟਾਹਣੀਆਂ ਨੇ ਮੁੜ ਪੁੰਗਰਨਾ ਸ਼ੁਰੂ ਕਰ ਦਿੱਤਾ, ਪਰ ਟੀਮ ਨੂੰ ਉਸ ਵੇਲੇ ਤੱਕ ਆਪਣੇ ਤਰੀਕਿਆਂ ’ਤੇ ਤਸੱਲੀ ਨਾ ਹੋਈ, ਜਦੋਂ ਤੱਕ ਇਨ੍ਹਾਂ ’ਤੇ ਫੁੱਲ ਆਉਣੇ ਸ਼ੁਰੂ ਨਾ ਹੋਏ।

**ਮਾਹਰਾਂ ਦੀ ਟੀਮ ਦਾ ਕਹਿਣਾ ਹੈ ਕਿ ਇਨ੍ਹਾਂ ਇਤਿਹਾਸਕ ਸਥਾਨਾਂ ’ਤੇ ਸਥਿਤ ਪੁਰਾਣੇ ਤੇ ਇਤਿਹਾਸਕ ਦਰੱਖਤਾਂ ਦੀ ਉਮਰ ਵਧਾਉਣ ਲਈ ਸੰਗਤਾਂ ਨੂੰ ਆਪਣੀ ਸ਼ਰਧਾ ਨੂੰ ਸੀਮਤ ਕਰਨਾ ਪਵੇਗਾ। ਸੰਗਤਾਂ ਇਨ੍ਹਾਂ ਦਰਖਤਾਂ ਨੂੰ ਹੱਥ ਲਾਉਣ ਤੋਂ ਗੁਰੇਜ਼ ਕਰਨ ਅਤੇ ਕੜਾਹ ਪ੍ਰਸ਼ਾਦ ਵਾਲੇ ਹੱਥ ਤਾਂ ਬਿਲਕੁਲ ਹੀ ਨਾ ਲਾਉਣ।**

ਮੁੱਖ ਸਫ਼ਾADD COMMENTS

Share |

You can leave a response, or trackback from your own site.

Leave a Reply
Name (required)

Mail (will not be published) (required)

Website

HINDI (To Type in English, deselect the checkbox.)

Submit Comment

- ਪਿਤਾ ਵੱਲੋਂ ਧੀ ਤੇ ਉਹਦੇ ਕੋਲ ਆਏ ਲੜਕੇ ਦੀ ਹੱਤਿਆ
- ਹਰਸਿਮਰਤ ਬਾਦਲ ਉੱਤਰੀ ਭਾਰਤ ’ਚੋਂ ਸਭ ਤੋਂ ਵੱਧ ਦੌਲਤਮੰਦ
- ਪੰਜਾਬੀ ਟ੍ਰਿਬਿਊਨ ਦਾ ਇੰਟਰਨੈਟ ਐਡੀਸ਼ਨ ਸ਼ੁਰੂ
- ਗੁਰਜੰਟ ਦੇ ਪਰਿਵਾਰ ਦੀ ਉੱਡ ਗਈ ਨੀਂਦ ਤੇ ਗੁਆਚ ਗਿਆ ਚੈਨ
- ਸਿੱਖਾਂ ਦੀ ਕਾਲੀ ਸੂਚੀ ਵਿਚੋਂ 23 ਨਾਂ ਹਟਾਏ
- ਦਲਜੀਤ ਸਿੰਘ ਦੀ ਜ਼ਮਾਨਤ ਮਨਜ਼ੂਰ
- ਸ਼ਮਿਆਨੇ ਤੋਂ ਮੈਰਿਜ ਪੈਲੇਸ ਤੱਕ...
- ਬਿੱਗ ਬਾਜ਼ਾਰ ਵਿਚ ਸੇਲ ਕਾਰਨ ਸੜਕਾਂ ’ਤੇ ਜਾਮ, ਲੋਕ ਹੋਏ ਪ੍ਰੇਸ਼ਾਨ
- ਵੈਟਰਨਰੀ ਅਫਸਰ ਰਿਸ਼ਵਤ ਲੈਂਦਾ ਕਾਬੂ
- ਰਾਜੀਵ-ਲੌਂਗੋਵਾਲ ਸਮਝੌਤੇ ਬਾਰੇ ਵਿਵਾਦ ਅਜੇ ਵੀ ਜਾਰੀ

Give Your Reviews
How Is Our Site?
Good
Excellent
Bad
Can Be Improved
No Comments
Vote
View Results

ਖੋਜ ਵਿਕਲਪ
English Punjabi
SEARCH
Advanced Search >>

ਹਰਫ਼ਾਂ ਦੇ ਆਰ-ਪਾਰ